# ਗਿਆਨ, ਨੈੱਟਵਰਕਿੰਗ ਪਰੀਆਂ ਦੀਆਂ ਕਹਾਣੀਆਂ ਨੂੰ ਸੱਚ ਕਰਨ ਵਿੱਚ ਮਦਦ ਕਰਦੇ ਹਨ

ਬ੍ਰੈਂਪਟਨ, ਓਨਟੈਰੀਓ – ਵਿਆਹ ਦੀ ਸਜਾਵਟ ਦੇ ਕਾਰੋਬਾਰ ਵਿੱਚ ਮੇਲਿਸਾ ਬਰਬਨ (Melissa Barban) ਦੀ ਬੱਗੀ ਦਾ ਪਹਿਲਾ ਭੁਗਤਾਨ ਯਾਦਗਾਰ ਸੀ।

ਉਹ ਲੈਣ-ਦੇਣ ਨੂੰ ਲੈ ਕੇ ਘਬਰਾਈ ਹੋਈ ਸੀ, ਇਸਲਈ ਕਲਾਈਂਟ ਵੱਲੋਂ ਪੈਸੇ ਜਮ੍ਹਾਂ ਕਰਨ ਤੋਂ ਪਹਿਲਾਂ ਉਹ ਸਮਾਨ ਨਹੀਂ ਖਰੀਦਣਾ ਚਾਹੁੰਦੀ ਸੀ, ਜੋ ਉਸਨੂੰ 150 ਜਾਮਨੀ ਕੁਰਸੀ ਚੌਖਟੇ ਬਣਾਉਣ ਲਈ ਚਾਹੀਦਾ ਸੀ। ਫਿਰ, ਸਮੱਗਰੀ, ਉਪਕਰਨ ਖਰੀਦਣ ਲਈ ਦੌੜਭੱਜ ਕਰਦੇ ਹੋਏ, ਅਤੇ ਖ਼ਰਾਬ ਸਿਲਾਈ ਮਸ਼ੀਨ ਨਾਲ ਨਿਪਟਦੇ ਹੋਏ, ਮੇਲਿਸਾ ਵਿਆਹ ਤੋਂ ਸਿਰਫ਼ 16 ਘੰਟੇ ਪਹਿਲਾਂ ਬਿਲਕੁੱਲ ਅਸੰਭਵ ਜਿਹਾ ਜਾਪਣ ਵਾਲਾ ਕੰਮ ਕਰ ਰਹੀ ਸੀ। ਪੂਰੀ ਰਾਤ ਸਿਲਾਈ ਦਾ ਕੰਮ ਕਰਦੇ ਹੋਏ, ਉਸਨੇ ਨਿਯਤ ਸਮੇਂ ਤੋਂ ਥੋੜ੍ਹੀ ਦੇਰ ਪਹਿਲਾਂ ਹੀ ਵਧੀਆ ਢੰਗ ਨਾਲ ਪੂਰੀ ਤਿਆਰੀ ਕਰ ਲਈ ਸੀ – ਅਤੇ ਉਹ ਆਪਣੇ ਕਲਾਈਂਟ ਨੂੰ ਖੁਸ਼ੀ ਦੇ ਸਕੀ ਸੀ, ਜੋ ਸੇਵਾ ਅਤੇ ਸਜਾਵਟ ਨੂੰ ਦੇਖ ਕੇ ਬਹੁਤ ਖੁਸ਼ ਸੀ।

2018 ਵਿੱਚ ਅੱਗੇ ਵਧਦੇ ਹੋਏ, ਮੇਲਿਸਾ ਫੇਅਰੀਟੇਲਸ ਕ੍ਰੀਏਸ਼ਨਸ ਐਂਡ ਕੇਟਰਿੰਗ (Fairytales Creations and Catering), ਜੋ ਇਸ ਸਾਲ ਹੁਣ ਤੱਕ 52 ਵਿਆਹਾਂ ਦੇ ਰਿਕਾਰਡ ਨਾਲ ਵਧਦਾ ਹੋਇਆ ਕਾਰੋਬਾਰ ਹੈ, ਨੂੰ ਸੰਭਾਲਣ ਵਾਲੀ ਇੱਕ ਆਤਮਵਿਸ਼ਵਾਸ਼ੀ ਐਂਟਰਪ੍ਰੀਨੀਅਰ ਹੈ। ਮੇਲਿਸਾ ਨੇ ਦੱਸਿਆ, "ਮੈਂ ਉਸ ਪਹਿਲੇ ਕਾਰਜਕਰਮ ਤੋਂ ਬਹੁਤ ਕੁਝ ਸਿੱਖਿਆ ਹੈ।"

ਉਹ ਐਂਟਰਪ੍ਰੀਨੀਅਰਾਂ ਲਈ ਦੋ ਨੈੱਟਵਰਕਿੰਗ ਸੰਗਠਨਾਂ ਦੀ ਅਗਵਾਈ ਵੀ ਕਰਦੀ ਹੈ, ਜਿਹਨਾਂ ਵਿੱਚ 200-ਮੈਂਬਰਾਂ ਵਾਲਾ ਮਜ਼ਬੂਤ ਪੀਲ ਵੂਮੈਨਸ ਐਂਟਰਪ੍ਰੀਨੀਅਰ ਗਰੁੱਪ (Peel Women's Entrepreneur Group) ਹੈ, ਅਤੇ ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (Brampton Entrepreneur Centre) ਵਿਖੇ ਸਟਾਫ਼ ਅਤੇ ਸਲਾਹਕਾਰਾਂ ਨਾਲ ਉਸਦੀ ਚੰਗੀ ਜਾਣ-ਪਛਾਣ ਹੈ।

ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ ਨਾਲ ਉਸਦੀ ਪਹਿਲੀ ਵਾਰ ਜਾਣ-ਪਛਾਣ ਇਸਦੀ ਗਰਮੀਆਂ ਦੀ ਕਾਰਜਕਰਮ ਸੀਰੀਜ *ਕਨੈਕਟ ਇਨ ਦ ਸਕਵੇਅਰ (Connect in the Square)* ਰਾਹੀਂ ਹੋਈ ਸੀ। ਮੇਲਿਸਾ ਦੱਸਦੀ ਹੈ, "ਮੈਂ ਉਹਨਾਂ ਸੈਮੀਨਾਰਾਂ ਵਿੱਚ ਹਰ ਕਿਸੇ ਦੇ ਕੋਲ ਜਾਂਦੀ ਸੀ। ਸਪੀਕਰ ਬਹੁਤ ਹੀ ਮਦਦਗਾਰ ਸਨ ਅਤੇ ਨੈੱਟਵਰਕਿੰਗ ਨੇ ਮੇਰੇ ਲਈ ਨਵੇਂ ਮੌਕੇ ਪੈਦਾ ਕੀਤੇ।" ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ ਇਸ ਗਰਮੀ ਵਿੱਚ ਦੁਬਾਰਾ ਇਹ ਪ੍ਰੋਗਰਾਮ ਪੇਸ਼ ਕਰ ਰਿਹਾ ਹੈ – ਇਸ ਵਾਰ *ਐਂਟਪ੍ਰੀਨੀਅਰਸ ਕਨੈਕਟ ਇਨ ਗੇਜ ਪਾਰਕ (Entrepreneurs Connect in Gage Park)* ਦੇ ਤੌਰ 'ਤੇ – ਜੋ 19 ਜੁਲਾਈ ਨੂੰ ਸ਼ੁਰੂ ਹੋਵੇਗਾ।

ਮੇਲਿਸਾ ਨੇ ਆਪਣਾ ਕਾਰੋਬਾਰ 2011 ਵਿੱਚ ਸ਼ੁਰੂ ਕੀਤਾ ਸੀ, ਉਸਨੇ ਇੱਕ ਹੋਟਲ ਦੇ ਜਨਰਲ ਮੈਨੇਜਰ ਦੇ ਤੌਰ 'ਤੇ ਆਪਣੀ ਪੂਰਨ-ਕਾਲੀ (ਫੁਲ-ਟਾਈਮ) ਨੌਕਰੀ ਤੋਂ ਇਲਾਵਾ ਇਸਨੂੰ ਅੰਸ਼ਕ-ਕਾਲੀ (ਪਾਰਟ-ਟਾਈਮ) ਸੰਭਾਲਣ ਦੀ ਕੋਸ਼ਿਸ਼ ਕੀਤੀ। ਜਿਵੇਂ-ਜਿਵੇਂ ਉਸਦੇ ਕਾਰੋਬਾਰ ਦੀ ਪ੍ਰਸਿੱਧੀ ਫੈਲੀ, ਉਸਦੇ ਲਈ ਦੋਵਾਂ ਨੂੰ ਸੰਭਾਲਣਾ ਬਹੁਤ ਜ਼ਿਆਦਾ ਮੁਸ਼ਕਲ ਹੋ ਗਿਆ ਸੀ। 2015 ਵਿੱਚ, ਉਸਨੇ ਵਿਆਹ ਦੀ ਸਜਾਵਟ ਦੇ ਆਪਣੇ ਕਾਰੋਬਾਰ ਨੂੰ ਪੂਰਨ-ਕਾਲੀ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ। ਉਸਨੇ ਆਪਣੀ ਪੂਰਨ-ਕਾਲੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਆਪਣੇ ਸਮੇਂ ਅਤੇ ਜੋਸ਼ ਨੂੰ ਵਿਆਹਾਂ ਅਤੇ ਕਾਰਜਕਰਮਾਂ 'ਤੇ ਅਤੇ ਇਹ ਸਿੱਖਣ 'ਤੇ ਕੇਂਦਰਿਤ ਕੀਤਾ ਕਿ ਇੱਕ ਬਿਹਤਰ ਕਾਰੋਬਾਰੀ ਕਿਵੇਂ ਬਣਿਆ ਜਾਵੇ।

ਉਹ ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ ਦੇ ਕਾਰਜਕਰਮਾਂ ਅਤੇ ਸੈਮੀਨਾਰਾਂ ਦੀ ਨਿਯਮਿਤ ਭਾਗੀਦਾਰ ਬਣ ਗਈ। ਮੇਲਿਸਾ ਨੇ ਦੱਸਿਆ "ਮੈਂ ਇਸ ਗੱਲ 'ਤੇ ਪੂਰਾ ਯਕੀਨ ਕਰਦੀ ਹਾਂ ਕਿ ਗਿਆਨ ਸ਼ਕਤੀ ਹੈ, ਅਤੇ ਜੇਕਰ ਮੈਨੂੰ ਕਿਸੇ ਕਾਰਜਕਰਮ ਵਿੱਚ ਕਾਰੋਬਾਰ ਬਾਰੇ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ, ਤਾਂ ਉੱਥੇ ਜਾਣਾ ਬਣਦਾ ਹੈ।"

ਖਾਤਰਦਾਰੀ ਉਦਯੋਗ ਵਿੱਚ ਮੇਲਿਸਾ ਦਾ ਵਿਆਪਕ ਪਿਛੋਕੜ ਅਤੇ ਦੂਜਿਆਂ ਦੀ ਮਦਦ ਕਰਨ ਦੇ ਪ੍ਰਤੀ ਉਸਦਾ ਜੋਸ਼ ਹੀ ਹੈ, ਜਿਸ ਕਾਰਨ ਉਹ ਆਪਣੇ ਕਲਾਈਂਟਾਂ ਨੂੰ ਇੱਕ ਸਕਾਰਾਤਮਕ ਅਨੁਭਵ ਪ੍ਰਦਾਨ ਕਰਦੀ ਹੈ। ਉਸਨੇ ਕਾਰੋਬਾਰ ਵਿੱਚ ਆਪਣੀਆਂ ਖੁਦ ਦੀਆਂ ਸੁਭਾਵਕ ਵਿਸ਼ੇਸ਼ਤਾਵਾਂ ਨੂੰ ਸ਼ਾਮਲ ਕੀਤਾ ਹੈ, ਅਤੇ ਕੁਆਲਿਟੀ ਨਾਲ ਸਮਝੌਤਾ ਕੀਤੇ ਬਿਨਾਂ ਪੁੱਜਣਯੋਗ ਕਾਰਜਕਰਮ ਸਜਾਵਟ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਉਹ ਸਖ਼ਤ ਮਿਹਨਤ ਕਰਦੀ ਹੈ। ਉਹ ਵਾਪਸ ਦੇਣ ਦੇ ਮੁੱਲ ਨੂੰ ਮਾਨਤਾ ਦਿੰਦੀ ਹੈ, ਅਤੇ ਗ਼ੈਰ-ਲਾਭ ਨੈੱਟਵਰਕਿੰਗ ਸਮੂਹਾਂ ਵਿੱਚ ਉਸਦੀ ਭਾਗੀਦਾਰੀ ਅਤੇ ਆਪਣੇ ਕਾਰੋਬਾਰ ਵਿੱਚ ਵਿਚਾਰਸ਼ੀਲ ਦ੍ਰਿਸ਼ਟੀਕੋਣ ਅਤੇ ਕਲਾਈਂਟ ਸੇਵਾ ਇਸਨੂੰ ਦਰਸਾਉਂਦੀ ਹੈ।

ਉਸਦੇ ਮਾਰਕੀਟਿੰਗ ਖ਼ਰਚੇ ਬਹੁਤ ਹੀ ਘੱਟ ਹਨ, ਉਹ ਮੁੱਖ ਤੌਰ 'ਤੇ ਨਵੇਂ ਕਲਾਈਂਟਾਂ ਤੱਕ ਆਪਣੀ ਗੱਲਬਾਤ ਰਾਹੀਂ ਹੀ ਪਹੁੰਚਦੀ ਹੈ, ਉਸਦਾ 60 ਪ੍ਰਤੀਸ਼ਤ ਤੋਂ ਵੱਧ ਕਾਰੋਬਾਰ ਰੈਫਰਲਾਂ ਤੋਂ ਹੀ ਆਉਂਦਾ ਹੈ। ਜਨਤਕ ਪਛਾਣ ਵੀ ਮਦਦ ਕਰਦੀ ਹੈ। ਉਸਨੂੰ ਕਈ ਇੰਡਸਟਰੀ ਅਵਾਰਡ ਮਿਲੇ ਹਨ, ਅਤੇ 2017 ਵਿੱਚ, ਫੇਅਰੀਟੇਲਸ ਕ੍ਰੀਏਸ਼ਨਸ ਐਂਡ ਕੇਟਰਿੰਗ ਨੇ ਵੈਡਿੰਗ ਸਰਵਿਸਿਜ਼ ਕੈਟੇਗਰੀ (Wedding Services Category) ਵਿੱਚ ਬ੍ਰੈਂਪਟਨ ਗਾਰਡਿਅਨ ਐਂਡ ਮਿਸੀਸਾਗਾ ਨਿਊਜ਼ ਰੀਡਰਸ ਚੋਇਸ ਪਲੈਟੀਨਮ ਅਵਾਰਡ (Brampton Guardian and Mississauga News Reader's Choice Platinum Award) ਪ੍ਰਾਪਤ ਕੀਤਾ। ਮੇਲਿਸਾ ਨੇ ਦੱਸਿਆ, "ਖੇਤਰ ਵਿੱਚ ਕੁਝ ਵੱਡੇ ਪ੍ਰਤੀਯੋਗੀਆਂ ਵਿਚਕਾਰ ਮਾਨਤਾ ਦਿੱਤੇ ਜਾਣਾ ਮੇਰੇ ਲਈ ਸਚਮੁੱਚ ਬਹੁਤ ਵੱਡੀ ਗੱਲ ਸੀ।"

ਫੇਅਰੀਟੇਲਸ ਕ੍ਰੀਏਸ਼ਨਸ ਐਂਡ ਕੇਟਰਿੰਗ ਲਗਾਤਾਰ ਵਧ ਰਿਹਾ ਹੈ। ਮੇਲਿਸਾ ਨੇ ਇਸ ਸਮੇਂ ਸੱਤ ਲੋਕਾਂ ਨੂੰ ਨਿਯੁਕਤ ਕੀਤਾ ਹੋਇਆ ਹੈ, ਅਤੇ ਉਹ ਹੋਰ ਵੀ ਵੱਧ ਵਿਸਤਾਰ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ ਕਿਉਂਕਿ ਉਸਨੇ ਆਪਣੀ ਟੀਮ ਬਣਾ ਲਈ ਹੈ। ਉਹ ਵੱਡੀ ਥਾਂ, ਬ੍ਰੈਂਪਟਨ ਵਿੱਚ ਇੱਕੋ ਜਗ੍ਹਾ 'ਤੇ ਵਿਆਹ ਦੀ ਖਰੀਦਾਰੀ ਅਨੁਭਵ ਪੇਸ਼ ਕਰਨ ਲਈ ਅਤੇ ਇੱਕ ਦਿਲੀ ਅਤੇ ਟਿਪ-ਟਾਪ ਛੋਟੇ ਕਾਰਜਕਰਮ ਵਾਲੀ ਥਾਂ ਪੇਸ਼ ਕਰਦੇ ਹੋਏ, ਹੋਰਾਂ ਵਿਕਰੇਤਾਵਾਂ ਦੇ ਨਾਲ ਭਾਈਵਾਲੀ ਕਰਨ ਦੀ ਯੋਜਨਾ ਬਣਾ ਰਹੀ ਹੈ। ਆਪਣੇ ਵਿਸਤਾਰ ਨੂੰ ਸਹਿਯੋਗ ਦੇਣ ਲਈ, ਉਸਨੂੰ ਇਸ ਪਤਝੜ ਰੁੱਤ ਵਿੱਚ ਸਮਾਲ ਬਿਜਨਸ ਐਕਸੀਲੇਰੇਟਰ (Small Business Accelerator) ਪ੍ਰੋਗਰਾਮ ਰਾਹੀਂ ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ ਦੇ ਵਸੀਲਿਆਂ ਤੋਂ ਦੁਬਾਰਾ ਫ਼ਾਇਦਾ ਮਿਲਣ ਦੀ ਆਸ ਹੈ।

ਸਮਾਲ ਬਿਜਨਸ ਐਕਸੀਲੇਰੇਟਰ ਸੂਬੇ ਦੁਆਰਾ ਫੰਡ ਦਿੱਤਾ ਜਾਣ ਵਾਲਾ ਸਟਾਰਟਰ ਕੰਪਨੀ ਪਲਸ (Starter Company+) ਪ੍ਰੋਗਰਾਮ ਹੈ, ਜੋ ਮੈਂਟਰਸ਼ਿਪ, ਟ੍ਰੇਨਿੰਗ ਅਤੇ $5000 ਤੱਕ ਦੇ ਪੈਸੇ ਦਾ ਅਨੁਦਾਨ ਮੁਹੱਈਆ ਕਰਦੇ ਹੋਏ, ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ ਰਾਹੀਂ ਪ੍ਰਦਾਨ ਕੀਤਾ ਜਾਂਦਾ ਹੈ। ਸਮਾਲ ਬਿਜਨਸ ਐਕਸੀਲੇਰੇਟਰ ਅਤੇ *ਐਂਟਰਪ੍ਰੀਨੀਅਰਸ ਕਨੈਕਟ ਇਨ ਗੇਜ ਪਾਰਕ* ਸੀਰੀਜ ਬਾਰੇ www.brampton.ca/bec 'ਤੇ ਹੋਰ ਜਾਣੋ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।